**BCM SCHOOL BASANT AVENUE DUGRI LUDHIANA**

**CLASS- XI**

**SUBJECT -PUNJABI (104)**

**ASSIGNMENT SOLUTION**

1. **ਕਾਵਿ ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ –**

    1. ਇਹਨਾਂ ਸਤਰਾਂ ਵਿੱਚ ਕੁੜੀ ਨੂੰ ਕੀ ਕਹਿ ਕੇ ਸੰਬੋਧਨ ਕੀਤਾ ਗਿਆ ਹੈ?

        ਉੱਤਰ- ਚਿੜੀਏ

    2. ਵਿੱਚ ਸਖੀਆਂ ਦੇ ਪੈਲਾਂ ਪਾਵੇਂ......ਤੁਕ ਵਿੱਚ ਵਰਤੇ ਸ਼ਬਦ ਸਖੀਆਂ ਦਾ ਕੀ ਭਾਵ ਹੈ ?

        ਉੱਤਰ -ਸਹੇਲੀਆਂ

    3. ਕੁੜੀ ਦੇ ਹੱਸਣ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ ?

        ਉੱਤਰ- ਰੁੱਖਾਂ ਦੀ ਛਾਂ ਨਾਲ

    4. ਇਹ ਕਾਵਿ ਸਤਰਾਂ ਕਿਸ ਕਾਵਿ ਰੂਪ ਵਿੱਚੋਂ ਲਈਆਂ ਗਈਆਂ ਹਨ?

        ਉੱਤਰ -ਲੰਮੀਆਂ ਬੋਲੀਆਂ

2. **ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ -**

    1. ਬੁਝਾਰਤਾਂ ਦਿਮਾਗੀ ਸੂਝ-ਬੂਝ ਨੂੰ ਪਰਖਣ ਦਾ ਸਾਧਨ ਕਿਵੇਂ ਸਨ?

        ਉੱਤਰ -ਪੁਰਾਣੇ ਸਮਿਆਂ ਦੇ ਵਿੱਚ ਬੁਝਾਰਤਾਂ ਇੱਕ ਮਨੋਰੰਜਨ ਦਾ ਸਾਧਨ ਹੋਣ ਦੇ ਨਾਲ-ਨਾਲ ਬੱਚਿਆਂ ਦੀ ਦਿਮਾਗੀ ਸੂਝ- ਬੂਝ ਨੂੰ ਪਰਖਣ ਦਾ ਸਾਧਨ ਸਨ ਕਿਉਂਕਿ ਬੱਚਾ ਬੁਝਾਰਤ ਨੂੰ ਬੁੱਝਦਾ ਆਪਣੀ ਸੂਝ- ਬੂਝ ਦੀ ਵਰਤੋਂ ਕਰਦਾ ਸੀ ,ਜਿਸ ਨਾਲ ਉਨਾਂ ਦਾ ਦਿਮਾਗੀ ਤੌਰ ‘ਤੇ ਵਿਕਾਸ ਹੁੰਦਾ ਸੀ ।

    2. ਤੁਹਾਡੀ ਪਾਠ ਪੁਸਤਕ ਵਿੱਚ ਕਿਹੜੀ ਬੁਝਾਰਤ ਦਰਜ ਹੈ ,ਜਿਸ ਵਿੱਚ ਸਾਵਣ ਅਤੇ ਭਾਦੋਂ ਦੇ ਮਹੀਨੇ ਦੇ ਮੀਹਾਂ ਦਾ ਜ਼ਿਕਰ ਆਇਆ ਹੈ?

        ਉੱਤਰ -ਸਾਵਣ ਭਾਦੋਂ ਬਹੁਤ ਚਲਤ ਹੈ ,

        ਪੋਹ-ਮਾਘ ਵਿੱਚ ਥੋੜੀ।

    3. ‘ਪਿੰਡ ਤਾਂ ਸਾਡੇ’ ਬੋਲੀ ਦੇ ਵਿੱਚ ਬੋਲੀ ਕਾਰ ਆਪਣੀ ਕਿਹੜੀ ਕਿਹੜੀ ਸਿਫਤ ਕਰਦਾ ਹੈ ?

ਉੱਤਰ -ਇਸ ਬੋਲੀ ਵਿੱਚ ਬੋਲੀ ਕਾਰ ਆਪਣੀ ਸਿਫਤ ਕਰਦਾ ਹੋਇਆ ਕਹਿੰਦਾ ਹੈ ਕਿ ਉਹ ਸਦਾ ਸਤਿਸੰਗ ਵਿੱਚ ਬੈਠਦਾ ਸੀ ਅਤੇ ਮਾੜੀ ਸੰਗਤ ਵਿੱਚ ਕਦੇ ਖੜ੍ਹਦਾ ਵੀ ਨਹੀਂ ਸੀ।

4. ਬੁੱਤ ਬਣੌਟਿਆ ਢੋਲੇ ਵਿੱਚ ਨਾਇਕਾ ਆਪਣੇ ਦੁੱਖ ਦਾ ਵਰਨਣ ਕਿੰਨਾ ਸ਼ਬਦਾਂ ਦੇ ਰਾਹੀਂ ਕਰਦੀ ਹੈ ?

ਉੱਤਰ -ਇਸ ਢੋਲੇ ਦੇ ਵਿੱਚ ਨਾਇਕਾ ਆਪਣੇ ਸੱਜਣ ਤੋਂ ਦੂਰ ਹੋ ਜਾਣ ਕਾਰਨ ਬੇਵਸ ਹੋ ਕੇ ਰਹਿ ਜਾਂਦੀ ਹੈ ਅਤੇ ਉਸ ਦੇ ਇਸ ਵਿਯੋਗ ਕਾਰਨ ਉਸਦੀਆਂ ਸਹੇਲੀਆਂ ਉਸਨੂੰ ਤਾਅਨੇ ਦਿੰਦੀਆਂ ਹਨ। ਚਰਖੇ ਦੀ ਮਧੁਰ ਸੁਰ ਵੀ ਉਸਨੂੰ ਦੁੱਖ ਦਿੰਦੀ ਪ੍ਰਤੀਤ ਹੁੰਦੀ ਹੈ ।

**3. ਕਿਸੇ ਰੋਜ਼ਾਨਾ ਪੰਜਾਬੀ ਅਖਬਾਰ ਦੇ ਸੰਪਾਦਕ ਨੂੰ ਪੱਤਰ ਲਿਖ ਕੇ ਪੰਜਾਬ ਰਾਜ ਵਿੱਚ ਲੱਕੀ ਸਕੀਮਾਂ ਦੀ ਹੋ ਰਹੀ ਲੁੱਟ ਬਾਰੇ ਆਪਣੇ ਵਿਚਾਰ ਪ੍ਰਗਟਾਓ।**

**ਵਿਦਿਆਰਥੀ ਪੱਤਰ ਦੀ ਸਹੀ ਰੂਪ ਰੇਖਾ ਦਾ ਧਿਆਨ ਰੱਖਦੇ ਹੋਏ ਇਸ ਪ੍ਰਸ਼ਨ ਉੱਤਰ ਆਪਣੀ ਸੂਝ ਬੂਝ ਦੇ ਅਨੁਸਾਰ ਦੇਣਗੇ।**

**4. ਤੁਸੀਂ ਆਪਣਾ ਪੁਰਾਣਾ ਸਾਈਕਲ ਵੇਚਣਾ ਚਾਹੁੰਦੇ ਹੋ। ਇਸ ਸਬੰਧੀ ਅਖਬਾਰ ਵਿੱਚ ਦੇਣ ਲਈ ਇੱਕ ਆਕਰਸ਼ਕ ਇਸ਼ਤਿਹਾਰ ਤਿਆਰ ਕਰੋ।**

**ਵਿਦਿਆਰਥੀ ਇਸ਼ਤਿਹਾਰ ਦੀ ਰੂਪਰੇਖਾ ਦਾ ਧਿਆਨ ਰੱਖਦੇ ਹੋਏ ਆਪਣੀ ਸਮਝ ਦੇ ਨਾਲ ਇਸ਼ਤਿਹਾਰ ਤਿਆਰ ਕਰਨਗੇ।**